ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ(ਸੈਸਿ)

6784
20/12/2017

ਅਤਿ ਜਰੂਰੀ/ਮਿਤੀ ਬੱਧ

ਮੀਮੋ ਨੰ: 19/54- 17 ਅ4(5)
ਮਿਤੀ: 19-12-2017

ਵਿਸ਼ਾ: ਅੰਗਰੇਜੀ ਵਿਸ਼ੇ ਦੇ ਨਿਯੁਕਤ ਅਧਿਆਪਕਾਂ ਵਲੋਂ ਵਿਸ਼ਾ ਮਾਹਿਰ ਅਧਿਆਪਕ ਵਜੋਂ ਪੜ੍ਹਾਉਣ ਸੰਬੰਧੀ ਕਲੈਰੀਫਿਕੇਸ਼ਨ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਮਾਨਯੋਗ ਸਕੱਤਰ, ਸਕੂਲ ਸਿੱਖਿਆ ਜੀ ਦੇ ਧਿਆਨ ਵਿਚ ਆਇਆ ਹੈ ਕਿ ਉਹਨਾਂ ਸਕੂਲਾਂ ਵਿਚ ਜਿੱਥੇ ਅੰਗਰੇਜੀ ਵਿਸ਼ੇ ਦੇ ਅਧਿਆਪਕ ਅਸਾਮੀ ਵਿਰੁੱਧ ਕੰਮ ਕਰ ਰਹੇ ਹਨ, ਉਹਨਾਂ ਸਕੂਲਾ ਵਿਚ ਅੰਗਰੇਜੀ ਵਿਸ਼ਾ ਪੜ੍ਹਾਉਣ ਲਈ ਅੰਗਰੇਜੀ ਅਧਿਆਪਕਾਂ ਅਤੇ ਸਮਾਜਿਕ ਸਿੱਖਿਆ ਅਧਿਆਪਕਾਂ ਸੰਬੰਧੀ ਸਥਿਤੀ ਸਪੱਸ਼ਟ ਕਰਨ ਦੀ ਜਰੂਰਤ ਹੈ।

ਇਸ ਸੰਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਸਕੂਲਾਂ ਵਿਚ ਅੰਗਰੇਜੀ ਵਿਸ਼ੇ ਦੇ ਅਧਿਆਪਕ ਅਸਾਮੀਆ ਵਿਰੁੱਧ ਕੰਮ ਕਰ ਰਹੇ ਹਨ, ਉੱਥੇ ਅੰਗਰੇਜੀ ਵਿਸ਼ੇ ਦੇ ਪੀਰੀਅਡ ਅੰਗਰੇਜੀ ਅਧਿਆਪਕ ਹੀ ਵਿਸ਼ਾ ਮਾਹਿਰ ਵਜੋਂ ਪੜ੍ਹਾਉਣਗੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਅਜਿਹੇ ਅੰਗਰੇਜੀ ਅਧਿਆਪਕ ਪਹਿਲ ਦੇ ਅਧਾਰ ਤੇ ਉਪਰਲੀਆਂ ਬੋਰਡ ਦੀਆਂ ਕਲਾਸਾਂ ਵਿਚ ਆਪਣੇ ਪੀਰੀਅਡ ਪੂਰੇ ਕਰਨ ਉਪਰੰਤ ਹੇਠਲੀਆਂ ਕਲਾਸਾਂ ਦੇ ਆਪਣੇ ਬਣਦੇ ਪੀਰੀਅਡ ਲੈਣਗੇ ਅਤੇ ਅਸਾਮੀ ਵਿਰੁੱਧ ਬਣਦੇ ਅੰਗਰੇਜੀ ਅਧਿਆਪਕ ਦੇ ਪੀਰੀਅਡ ਪੂਰੇ ਹੋਣ ਉਪਰੰਤ ਹੀ ਸਮਾਜਿਕ ਸਿੱਖਿਆ ਅਧਿਆਪਕ ਪਹਿਲਾਂ ਦੀ ਤਰਾਂ ਬਾਕੀ ਬਚਦੇ ਹੇਠਲੀਆਂ ਕਲਾਸਾਂ ਦੇ ਅੰਗਰੇਜੀ ਵਿਸ਼ੇ ਦੇ ਪੀਰੀਅਡ ਲੈਣਗੇ।

ਉਕਤ ਹੁਕਮਾਂ ਦੀ ਇਨ-ਬਿਨ੍ਹ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

19/12/17
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ।

# ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1/1(   )2017/ ਮਿਤੀ ਬਠਿੰਡਾ: 20.12.17

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਅੰਗਰੇਜੀ ਤੇ ਸਸ ਦੇ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਪੱਤਰ ਪਹੁੰਚ ਰਸੀਦ ਭੇਜੀ ਜਾਵੇ।

ਜਿਲਾ ਸਿਖਿਆ ਅਫਸਰ(ਸੈ ਸਿ)
ਬਠਿੰਡਾ

20/12/17